**ਅਕਾਦਮਿਕ ਸਾਲ : 2021-22**
**ਟਰਮ : ਦੂਜੀ**
**ਸ਼੍ਰੇਣੀ : ਬਾਰ੍ਹਵੀਂ**
**ਵਿਸ਼ਾ : ਖੇਤੀਬਾੜੀ**
# ਮਾਡਲ ਪ੍ਰਸ਼ਨ ਪੱਤਰ

**ਸਮਾਂ : 2 ਘੰਟੇ** **ਕੁੱਲ ਅੰਕ : 40**

**ਪ੍ਰਸ਼ਨ ਪੱਤਰ ਨੂੰ ਤਿੰਨ ਭਾਗਾਂ ਵਿੱਚ ਵੰਡਿਆ ਗਿਆ ਹੈ । ਇਸ ਵਿੱਚ ਕੁੱਲ 12 ਪ੍ਰਸ਼ਨ ਹਨ । ਅੰਕਾਂ ਦੀ ਵੰਡ ਹੇਠ ਲਿਖੇ ਅਨੁਸਾਰ ਹੈ :**

**ਭਾਗ ਨੰ. I** ਪ੍ਰਸ਼ਨ ਨੰ. 1 **ਤੋਂ** 4 ਤੱਕ **ਦੋ-ਦੋ ਅੰਕਾਂ** ਵਾਲੇ ਹਨ ।ਹਰੇਕ ਪ੍ਰਸ਼ਨ ਦਾ ਉੱਤਰ 20-30 **ਸ਼ਬਦਾਂ** ਵਿੱਚ ਹੋ ਸਕਦਾ ਹੈ ।ਇਹ ਸਾਰੇ ਪ੍ਰਸ਼ਨ ਹੱਲ ਕਰਨੇ ਲਾਜ਼ਮੀ ਹਨ ।

**ਭਾਗ ਨੰ. II** ਪ੍ਰਸ਼ਨ ਨੰ. 5 **ਤੋਂ** 8 ਤੱਕ **ਤਿੰਨ-ਤਿੰਨ ਅੰਕਾਂ** ਵਾਲੇ ਹਨ । ਹਰੇਕ ਪ੍ਰਸ਼ਨ ਦਾ ਉੱਤਰ 60-80 **ਸ਼ਬਦਾਂ** ਦਾ ਹੋ ਸਕਦਾ ਹੈ । ਇਹ ਸਾਰੇ ਪ੍ਰਸ਼ਨ ਹੱਲ ਕਰਨੇ ਲਾਜ਼ਮੀ ਹਨ ।

**ਭਾਗ ਨੰ. III** ਪ੍ਰਸ਼ਨ ਨੰ. 9 **ਤੋਂ** 12 ਤੱਕ **ਪੰਜ-ਪੰਜ ਅੰਕਾਂ** ਵਾਲੇ ਹਨ । ਹਰੇਕ ਪ੍ਰਸ਼ਨ ਦਾ ਉੱਤਰ 80-120 **ਸ਼ਬਦਾਂ** ਦਾ ਹੋ ਸਕਦਾ ਹੈ । ਇਨ੍ਹਾਂ **ਸਾਰੇ ਪ੍ਰਸ਼ਨਾਂ ਵਿੱਚ** 100% **ਅੰਦਰੂਨੀ ਛੋਟ** ਹੈ ।

## ਭਾਗ ਨੰ. I

1. ਤੇਲ ਬੀਜ ਵਾਲੀਆਂ ਕਿਸੇ ਚਾਰ ਫ਼ਸਲਾਂ ਦੇ ਨਾਂ ਲਿਖੋ । 2
2. ਪਸ਼ੂਆਂ ਵਿੱਚ ਬਾਂਝਪਣ ਦੇ ਕੋਈ ਦੋ ਕਾਰਨ ਲਿਖੋ । 2
3. ਜੰਤੂਆਂ ਦੁਆਰਾ ਫਲਾਂ ਅਤੇ ਬੀਜਾਂ ਦਾ ਵਿਸਰਜਨ ਕਿਵੇਂ ਹੁੰਦਾ ਹੈ ? 2
4. ਘਾਹ ਦੇ ਟਿੱਡੇ ਵਿੱਚ ਸਾਹ ਕਿਰਿਆ ਕਿਵੇਂ ਹੁੰਦੀ ਹੈ ? 2

**2 ਅੰਕ x 4 = 8 ਅੰਕ**

## ਭਾਗ ਨੰ. II

5. ਗੰਨੇ ਦੀ ਫ਼ਸਲ ਨੂੰ ਡਿੱਗਣ ਤੋਂ ਕਿਵੇਂ ਬਚਾਇਆ ਜਾਂਦਾ ਹੈ ? 3
6. ਗਲ-ਘੋਟੂ ਰੋਗ ਦੀਆਂ ਕੋਈ ਤਿੰਨ ਨਿਸ਼ਾਨੀਆਂ ਲਿਖੋ । 3
7. ਕਰੂਸੀਫੇਰੀ ਫੈਮਿਲੀ ਦੇ ਕੋਈ ਤਿੰਨ ਲੱਛਣ ਲਿਖੋ । 3
8. ਜਿਗਰ ਗ੍ਰੰਥੀ ਵੱਲੋਂ ਕੀਤੇ ਜਾਣ ਵਾਲੇ ਕੋਈ ਤਿੰਨ ਕੰਮ ਲਿਖੋ । 3

**3 ਅੰਕ x 4 = 12 ਅੰਕ**

## ਭਾਗ ਨੰ. III

9. ਬਰਸੀਮ ਨੂੰ ਲੱਗਣ ਵਾਲੇ ਕੀੜੇ ਅਤੇ ਉਨ੍ਹਾਂ ਦੀ ਰੋਕਥਾਮ ਬਾਰੇ ਲਿਖੋ ।

ਜਾਂ

ਟਮਾਟਰ ਦੀਆਂ ਕਿਸੇ ਪੰਜ ਉੱਨਤ ਕਿਸਮਾਂ ਬਾਰੇ ਜਾਣਕਾਰੀ ਦਿਓ । 5

10. ਦੁਧਾਰੂ ਪਸ਼ੂਆਂ ਦੀ ਚੋਣ ਕਰਦੇ ਸਮੇਂ ਧਿਆਨ ਰੱਖਣ ਯੋਗ ਕੋਈ ਪੰਜ ਗੱਲਾਂ ਲਿਖੋ ।

ਜਾਂ

ਮੁਰਗੀਆਂ ਪਾਲਣ ਦੇ ਕੋਈ ਪੰਜ ਲਾਭ ਲਿਖੋ । 5

11. ਪ੍ਰਕਾਸ਼ ਸੰਸ਼ਲੇਸ਼ਣ ਅਤੇ ਸਾਹ ਕਿਰਿਆ ਵਿੱਚ ਕੋਈ ਪੰਜ ਅੰਤਰ ਲਿਖੋ ।

ਜਾਂ

ਪੌਦੇ ਵਿੱਚ ਪਰਾਗਣ ਤੋਂ ਸ਼ੁਰੂ ਕਰਕੇ ਬੀਜ ਬਣਨ ਤੱਕ ਦੀਆਂ ਅਵਸਥਾਵਾਂ ਦਾ ਵਰਨਣ ਕਰੋ । 5

12. ਮਾਦਾ ਖਰਗੋਸ਼ ਦੀ ਜਣਨ ਮੂਤਰ ਪ੍ਰਣਾਲੀ ਦਾ ਵਰਣਨ ਕਰੋ ।

ਜਾਂ

ਸ਼ਹਿਦ ਦੀਆਂ ਮੱਖੀਆਂ ਪਾਲਣ ਦੇ ਕੋਈ ਪੰਜ ਲਾਭ ਲਿਖੋ । 5

**5 ਅੰਕ x 4 = 20 ਅੰਕ**

×××××××